CUET UG 2026 Punjabi Question Paper 19 May Shift 1

NATIONAL TESTING AGENCY
Excellence in Assessment

General Instructions

(i) This question paper contains 50 questions. All questions are compulsory.

(ii) It comprises 50 single-correct multiple-choice questions.

(iii) These questions follow the CUET (UG) examination pattern.

(iv) Each correct answer is awarded +5 marks, with -1 for an incorrect answer.

(v) The time allotted for this paper is 60 minutes.

(vi) Attempt every question; detailed solutions are provided in the companion solutions booklet.

1. ਬੋਲੀ ਕਿਸ ਨੂੰ ਆਖਦੇ ਹਨ ?

(A) ਧੁਨੀਆਂ ਨੂੰ

(B) ਆਪਣੀ ਗੱਲ ਬੋਲਕੇ ਦੂਜੇ ਤੱਕ ਪਹੁੰਚਾਉਣਾ

(C) ਧੁਨੀਆਂ ਦੇ ਸਾਰਥਕ ਜੋੜ ਨੂੰ

(D) ਉਪਭਾਸ਼ਾਵਾਂ ਦੇ ਅੰਤਰ ਨੂੰ

2. ਪੋਠੋਹਾਰੀ ਕਿਹੜੇ ਇਲਾਕੇ ਦੀ ਉਪਬੋਲੀ ਹੈ ?

(A) ਰਾਵਲਪਿੰਡੀ

(B) ਕਾਂਗੜਾ

(C) ਫਿਰੋਜ਼ਪੁਰ

(D) ਲਾਹੌਰ

3. ਵਿਆਕਰਨ ਦਾ ਸੰਬੰਧ ਕਿਸ ਨਾਲ ਹੈ ?

(A) ਸਮਾਜ ਨਾਲ

(B) ਭਾਸ਼ਾ ਨਾਲ

(C) ਵਿਅਕਤੀ ਨਾਲ

(D) ਦੇਸ਼ ਨਾਲ

4. ਉਹ ਵਿਸ਼ੇਸ਼ਣ ਜਿਸ ਰਾਹੀਂ ਕਿਸੇ ਨਾਂਵ ਜਾਂ ਪੜਨਾਂਵ ਦੇ ਗੁਣ, ਦੋਸ਼, ਵਿਸ਼ੇਸ਼ਤਾ ਆਦਿ ਦਾ ਗਿਆਨ ਹੋਵੇ -

(A) ਨਿਸਚੇਵਾਚਕ ਪੜਨਾਂਵ

(B) ਮਿਣਤੀਵਾਚਕ ਪੜਨਾਂਵ

(C) ਗੁਣਵਾਚਕ ਪੜਨਾਂਵ

(D) ਗਿਣਤੀਵਾਚਕ ਪੜਨਾਂਵ

5. ਹੇਠਾਂ ਦਿੱਤੇ ਗਏ ਸ਼ਬਦਾਂ ਵਿਚੋਂ ਸਹੀ ਅਤੇ ਸ਼ੁਧ ਸ਼ਬਦ ਦੀ ਚੋਣ ਕਰੋ:

(A) ਜ਼ਹਿਰ

(B) ਜ਼ੇਹਰ

(C) ਜੈਹਰ

(D) ਜੈਇਰ

6. 'ਦੁੱਖ ਅਤੇ ਸੁੱਖ' ਦਾ ਸਮਾਸੀ ਸ਼ਬਦ ਚੁਣੋ

(A) ਸੁਖੀ - ਦੁਖੀ

(B) ਦੁਖੀ - ਸੁਖੀ

(C) ਦੁੱਖ - ਸੁੱਖ

(D) ਸੁੱਖ - ਦੁੱਖ

7. ਹੇਠ ਲਿਖੇ ਵਿਕਲਪਾਂ ਵਿਚੋ 'ਸੰਜੋਗ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ -

(A) ਵਿਜੋਗ

(B) ਗੁੱਸਾ

(C) ਮੁਸ਼ਕਿਲ

(D) ਨਿੰਦਾ

8. 'ਕਈ ਬੱਚੇ ਹਾਜ਼ਰ ਹਨ' ਵਾਕ ਵਿੱਚ ਕਿਹੜਾ ਅਨਿਸ਼ਚਿਤ ਪੜਨਾਂਵ ਹੈ ?

(A) ਬੱਚੇ

(B) ਕਈ

(C) ਹਾਜ਼ਰ

(D) ਹਨ

9. 'ਕਲਮ' ਸ਼ਬਦ ਦਾ ਬਹੁ-ਵਚਨ ਰੂਪ ਕਿਹੜਾ ਹੈ ?

(A) ਕਲਮੇਆਂ

(B) ਕਲਮਏ

(C) ਕਲਮਾਂ

(D) ਕਲਮਾਵਾਂ

10. ਹੇਠਾਂ ਦਿੱਤੇ ਸ਼ਬਦਾਂ ਵਿਚੋਂ ਇਸਤਰੀ ਲਿੰਗ ਸ਼ਬਦ ਕਿਹੜਾ ਹੈ ?

(A) ਮਿੱਤਰ

(B) ਨਵਾਬ

(C) ਭਰਾ

(D) ਰਾਣੀ

11. 'ਅਧਿਆਪਕ ਜੀ ਅਖਬਾਰ ਪੜ੍ਹਦੇ ਹਨ' - ਇਸ ਵਾਕ ਵਿੱਚ ਕਿਹੜੀ ਕਿਰਿਆ ਦੀ ਵਰਤੋਂ ਕੀਤੀ ਗਈ ਹੈ ?

(A) ਸਕਰਮਕ

(B) ਅਕਰਮਕ

(C) ਪ੍ਰੇਰਨਾਰਥਕ

(D) ਸਹਾਇਕ

12. ਜਦੋਂ ਕੋਈ ਕਿਰਿਆ ਦਾ ਕੰਮ ਚੱਲ ਰਹੇ ਸਮੇਂ ਵਿੱਚ ਹੋਵੇ , ਉਹ ਕਿਹੜਾ ਕਾਲ ਹੁੰਦਾ ਹੈ ?

(A) ਭੂਤ ਕਾਲ

(B) ਵਰਤਮਾਨ ਕਾਲ

(C) ਭਵਿੱਖਤ ਕਾਲ

(D) ਪੂਰਨ ਚਾਲੂ ਭੂਤ ਕਾਲ

13. 'ਦਰਜ਼ੀ ਸੂਈ ਨਾਲ ਕੱਪੜੇ ਸਿਓਂ ਰਿਹਾ ਹੈ' ਇਸ ਵਾਕ ਵਿੱਚ ਕਰਨ ਕਾਰਕ ਕਿਹੜਾ ਹੈ ?

(A) ਦਰਜ਼ੀ

(B) ਕੱਪੜੇ

(C) ਸੂਈ

(D) ਰਿਹਾ ਹੈ

14. ਕਿਉਂਕਿ, ਇਸ ਲਈ, ਜੋ, ਜਿਹੜਾ, ਜਦ-ਤਦ ਆਦਿ ਕਿਹੜੇ ਯੋਜਕ ਹਨ?

(A) ਸਮਾਨ ਯੋਜਕ

(B) ਅਧੀਨ ਯੋਜਕ

(C) ਇਕਹਿਰੇ ਯੋਜਕ

(D) ਸਮੁੱਚੀ ਸਮਾਨ ਯੋਜਕ

15. ਜਦੋਂ ਕਿਸੇ ਅਪੁਰਨ ਸੰਬੰਧਕ ਨਾਲ 'ਦੇ' ਸੰਬੰਧਕ ਲੱਗਾ ਹੋਵੇ, ਤਾਂ ਉਸਨੂੰ ਕੀ ਕਿਹਾ ਜਾਂਦਾ ਹੈ?

(A) ਪੂਰਨ ਸੰਬੰਧਕ

(B) ਅਪੂਰਨ ਸੰਬੰਧਕ

(C) ਦੁਬਾਜਰੇ ਸੰਬੰਧਕ

(D) ਮੂਲ ਸੰਬੰਧਕ

16. ਹੇਠਾਂ ਦਿੱਤੇ ਗਏ ਸ਼ਬਦਾਂ ਵਿਚੋਂ 'ਹਾਰਾ' ਪਿਛੇਤਰ ਲੱਗ ਕੇ ਬਣੇ ਸ਼ਬਦ ਦੀ ਚੋਣ ਕਰੋ :

A. ਬਹਾਰਾਂ

B. ਬੇਸਹਾਰਾ

C. ਬਖਸ਼ਣਹਾਰਾ

D. ਰਚਨਹਾਰਾ

ਹੇਠਾਂ ਲਿਖੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) ਕੇਵਲ A ਅਤੇ B

(B) ਕੇਵਲ B ਅਤੇ C

(C) ਕੇਵਲ C ਅਤੇ D

(D) ਕੇਵਲ B ਅਤੇ D

17. 'ਅ' ਅਗੇਤਰ ਲੱਗ ਕੇ ਬਣੇ ਸ਼ਬਦਾਂ ਦੀ ਚੋਣ ਕਰੋ

A. ਅਕਲ

B. ਅਭਿੱਜ

C. ਅਸਾਮ

D. ਅਰੋਗ

ਹੇਠਾਂ ਲਿਖੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) ਕੇਵਲ B ਅਤੇ C

(B) ਕੇਵਲ A ਅਤੇ C

(C) ਕੇਵਲ C ਅਤੇ D

(D) ਕੇਵਲ B ਅਤੇ D

18. 'ਕਾਲ' ਸ਼ਬਦ ਦੇ ਸਮਾਨਾਰਥਕ ਸ਼ਬਦਾਂ ਦੀ ਚੋਣ ਕਰੋ :
A. ਸਮਾਂ
B. ਮੌਤ
C. ਕਟਾਈ
D. ਧਾਤੂ
ਹੇਠਾਂ ਲਿਖੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) ਕੇਵਲ A ਅਤੇ D

(B) ਕੇਵਲ A ਅਤੇ B

(C) ਕੇਵਲ C ਅਤੇ D

(D) ਕੇਵਲ B ਅਤੇ D

19. ਹੇਠਾਂ ਦਿੱਤੇ ਗਏ ਸ਼ਬਦਾਂ ਵਿਚੋਂ 'ਸੰਤੋਖ' ਸ਼ਬਦ ਦੇ ਸਮਾਨਾਰਥੀ ਸ਼ਬਦਾਂ ਦੀ ਚੋਣ ਕਰੋ :
A. ਸਬਰ
B. ਸੁੰਦਰ
C. ਗਹਿਣਾ
D. ਤ੍ਰਿਪਤੀ
ਹੇਠਾਂ ਲਿਖੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) ਕੇਵਲ A ਅਤੇ D

(B) ਕੇਵਲ A ਅਤੇ B

(C) ਕੇਵਲ B ਅਤੇ D

(D) ਕੇਵਲ B ਅਤੇ C

20. 'ਉਸਤਾਦ' ਸ਼ਬਦ ਦੇ ਸਮਾਨਾਰਥੀ ਸ਼ਬਦਾਂ ਦੀ ਚੋਣ ਕਰੋ :

A. ਉਦਾਸੀ

B. ਚੇਲਾ

C. ਅਧਿਆਪਕ

D. ਗੁਰੂ

ਹੇਠਾਂ ਲਿਖੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) ਕੇਵਲ A ਅਤੇ B

(B) ਕੇਵਲ A ਅਤੇ C

(C) ਕੇਵਲ B ਅਤੇ D

(D) ਕੇਵਲ C ਅਤੇ D

21. ਹੇਠਾਂ ਦਿੱਤੇ ਗਏ ਸ਼ਬਦਾਂ ਨੂੰ ਸਧਾਰਨ ਪੰਜਾਬੀ ਵਾਕ ਦੇ ਰੂਪ ਵਿਚ ਵਿਵਸਥਿਤ ਕਰੋ :

(A) ਪੁਲ

(B) ਗਿਆ ਹੈ

(C) ਨਦੀ ਉੱਪਰ

(D) ਬਣਾ ਦਿੱਤਾ

ਹੇਠਾਂ ਦਿੱਤੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) (C), (A), (D), (B)

(B) (D), (B), (A), (C)

(C) (A), (C), (B), (D)

(D) (B), (D), (C), (A)

22. ਹੇਠਾਂ ਦਿੱਤੇ ਗਏ ਸ਼ਬਦਾਂ ਨੂੰ ਜੋੜ ਕੇ ਅਰਥ ਭਰਪੂਰ ਵਾਕ ਬਣਾਓ :
(A) ਪੈਟਰੋਲ
(B) ਮੈਨੂੰ
(C) ਚਾਹੀਦਾ
(D) ਥੋੜ੍ਹਾ ਜਿਹਾ
ਹੇਠਾਂ ਦਿੱਤੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) (A), (B), (C), (D)

(B) (C), (A), (D), (B)

(C) (D), (C), (B), (A)

(D) (B), (D), (A), (C)

23. ਹੇਠਾਂ ਦਿੱਤੇ ਗਏ ਸ਼ਬਦਾਂ ਨੂੰ ਸਹੀ ਤਰਤੀਬ ਅਨੁਸਾਰ ਵਿਵਸਥਿਤ ਕਰੋ :
(A) ਲੱਗਦੀ ਹੈ
(B) ਖੂਹ ਵਿਚ
(C) ਮਿੱਟੀ
(D) ਖੂਹ ਦੀ
ਹੇਠਾਂ ਦਿੱਤੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) (A), (B), (C), (D)

(B) (B), (A), (D), (C)

(C) (D), (C), (B), (A)

(D) (C), (D), (A), (B)

24. ਹੇਠਾਂ ਦਿੱਤੇ ਗਏ ਸ਼ਬਦਾਂ ਨੂੰ ਸ਼ੁਧ ਵਾਕ ਦੀ ਤਰਤੀਬ ਵਿੱਚ ਲਗਾਓ :
(A) ਪਰਵਾਹ
(B) ਛਿੱਤਰ
(C) ਨਾ ਕਰਨਾ
(D) ਜਿੰਨੀ
ਹੇਠਾਂ ਦਿੱਤੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) (A), (B), (C), (D)

(B) (B), (D), (A), (C)

(C) (C), (A), (B), (D)

(D) (D), (C), (B), (A)

25. ਹੇਠਾਂ ਦਿੱਤੇ ਗਏ ਸ਼ਬਦਾਂ ਨੂੰ ਵਾਕ ਦੀ ਸਹੀ ਤਰਤੀਬ ਅਨੁਸਾਰ ਵਿਵਸਥਿਤ ਕਰੋ
(A) ਸੁਰਜੀਤ
(B) ਪਹੁੰਚੇਗਾ
(C) ਬਾਅਦ ਦਿੱਲੀ
(D) ਦੋ ਦਿਨ
ਹੇਠਾਂ ਦਿੱਤੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ :

(A) (A), (B), (C), (D)

(B) (D), (B), (A), (C)

(C) (A), (D), (C), (B)

(D) (C), (B), (D), (A)

26. ਹੇਠਾਂ ਦਿੱਤੇ ਗਏ ਵਾਕਾਂ ਵਿਚੋਂ ਸ਼ੁਧ ਵਾਕ ਚੁਣੋ

(A) ਕਮਜ਼ੋਰ ਤੇ ਗਰੀਬ ਹੋਣ ਕਰਕੇ ਓਹ ਦੁਖੀ ਹੈ

(B) ਹੋਣ ਕਰਕੇ ਕਮਜ਼ੋਰ ਅਤੇ ਗਰੀਬ ਓਹ ਦੁਖੀ ਹੈ

(C) ਓਹ ਕਮਜ਼ੋਰ ਅਤੇ ਗਰੀਬ ਹੋਣ ਕਰਕੇ ਦੁਖੀ ਹੈ

(D) ਦੁਖੀ ਹੈ ਓਹ ਗ਼ਰੀਬ ਅਤੇ ਕਮਜ਼ੋਰ ਹੋਣ ਕਰਕੇ

27. ਹੇਠਾਂ ਦਿੱਤੇ ਗਏ ਵਾਕਾਂ ਵਿਚੋਂ ਸ਼ੁਧ ਵਾਕ ਚੁਣੋ

(A) ਚੰਗੀ ਗੱਲ ਨਹੀਂ ਸਟੇਜ ਉੱਤੇ ਕਿਸੇ ਦੀ ਨਕਲ ਕਰਨੀ

(B) ਨਕਲ ਕਿਸੇ ਦੀ ਕਰਨੀ ਸਟੇਜ ਉੱਤੇ ਚੰਗੀ ਗੱਲ ਨਹੀਂ

(C) ਕਿਸੇ ਦੀ ਨਕਲ ਚੰਗੀ ਨਹੀਂ ਸਟੇਜ ਉੱਤੇ ਕਰਨੀ

(D) ਸਟੇਜ ਉੱਤੇ ਕਿਸੇ ਦੀ ਨਕਲ ਕਰਨੀ ਚੰਗੀ ਗੱਲ ਨਹੀਂ

28. ਹੇਠਾਂ ਦਿੱਤੇ ਵਾਕਾਂ ਵਿਚੋਂ ਸ਼ੁਧ ਵਾਕ ਚੁਣੋ

(A) ਕਿਤਾਬ ਵਿੱਚ ਗਿਆਨ ਦੀ ਗੱਲ ਲਿਖੀ ਹੁੰਦੀ ਹੈ

(B) ਲਿਖੀ ਹੈ ਹੁੰਦੀ ਗੱਲ ਗਿਆਨ ਦੀ ਕਿਤਾਬ ਵਿੱਚ

(C) ਵਿੱਚ ਕਿਤਾਬ ਲਿਖੀ ਹੁੰਦੀ ਗਿਆਨ ਦੀ ਗੱਲ

(D) ਗੱਲ ਗਿਆਨ ਦੀ ਹੁੰਦੀ ਹੈ ਕਿਤਾਬ ਵਿੱਚ ਲਿਖੀ

29. ਹੇਠਾਂ ਦਿੱਤੇ ਵਾਕਾਂ ਵਿਚੋਂ ਸ਼ੁਧ ਵਾਕ ਚੁਣੋ

(A) ਦੇ ਦਰਸ਼ਨ ਸਨ ਤਾਜ ਮਹਲ ਕੀਤੇ ਅਸੀਂ

(B) ਕੀਤੇ ਸਨ ਤਾਜਮਹਲ ਦੇ ਦਰਸ਼ਨ ਅਸੀਂ

(C) ਅਸੀਂ ਤਾਜ ਮਹਲ ਦੇ ਦਰਸ਼ਨ ਕੀਤੇ ਸਨ

(D) ਤਾਜ ਮਹਲ ਦੇ ਅਸੀਂ ਸਨ ਕੀਤੇ ਦਰਸ਼ਨ

30. ਹੇਠਾਂ ਦਿੱਤੇ ਵਾਕਾਂ ਵਿਚੋਂ ਸ਼ੁਧ ਵਾਕ ਚੁਣੋ

(A) ਦੋ ਤਲਵਾਰਾਂ ਮਿਆਨ ਵਿੱਚ ਇੱਕ ਆਉਂਦੀਆਂ ਨਹੀਂ

(B) ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਆਉਂਦੀਆਂ

(C) ਆਉਂਦੀਆਂ ਨਹੀਂ ਦੋ ਤਲਵਾਰਾਂ ਇੱਕ ਮਿਆਨ ਵਿੱਚ

(D) ਵਿੱਚ ਇਕ ਮਿਆਨ ਦੋ ਤਲਵਾਰਾਂ ਨਹੀਂ ਆਉਂਦੀਆਂ

---

31. 'ਜਮਾਤ' ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ ?

(A) ਇਕੱਠ ਵਾਚਕ ਨਾਂਵ

(B) ਭਾਵ ਵਾਚਕ ਨਾਂਵ

(C) ਖਾਸ ਨਾਂਵ

(D) ਵਸਤੂਵਾਚਕ ਨਾਂਵ

---

32. ਹੇਠਾਂ ਦਿੱਤੇ ਸ਼ਬਦਾਂ ਵਿਚੋਂ ਕਿਹੜਾ 'ਵੱਟੀ' ਸ਼ਬਦ ਦਾ ਸਮਾਨਾਰਥਕ ਨਹੀਂ ਹੈ

(A) ਕਮਾਈ

(B) ਅਰੋਗ

(C) ਬੱਤੀ

(D) ਵੱਟਣਾ

---

33. ਹੇਠਾਂ ਦਿੱਤੇ ਸ਼ਬਦਾਂ ਵਿਚੋਂ ਕਿਹੜਾ 'ਅਤਿ' ਅਗੇਤਰ ਵਾਲਾ ਸਹੀ ਸ਼ਬਦ ਹੈ

(A) ਅਤਿਯਾਗੀ

(B) ਅਤਭਰਿਆ

(C) ਅੰਤਰਮੁਖੀ

(D) ਅਤਿਕਥਨੀ

---

34. ਖਾਲੀ ਥਾਂ ਤੇ ਸਹੀ ਸ਼ਬਦ ਲਿਖੋ :
ਰਾਮ ਬੀਮਾਰ ਸੀ, ਉਸਨੇ ...... ਲਈ

(A) ਪੂੰਜੀ

(B) ਪੰਜੀਰੀ

(C) ਵਾਰੀ

(D) ਦਵਾਈ

---

35. 'ਚਾਨਣ' ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ :

(A) ਯੁੱਧ

(B) ਪ੍ਰਕਾਸ਼

(C) ਹਨੇਰਾ

(D) ਘਟਾ

---

36. ਸੂਚੀ I ਦਾ ਸੂਚੀ II ਨਾਲ ਮੇਲਾਨ ਕਰੋ :

ਸੂਚੀ I ਕਿਰਿਆ ਵਿਸ਼ੇਸ਼ਣ ਦੀਆਂ ਕਿਸਮਾਂ	ਸੂਚੀ II ਉਦਾਹਰਨ
(A) ਕਾਲ ਵਾਚਕ	(I) ਹੌਲੀ, ਤੇਜ਼, ਕਿਸ ਤਰ੍ਹਾਂ
(B) ਸਥਾਨ ਵਾਚਕ	(II) ਥੋੜ੍ਹਾ, ਬਹੁਤਾ, ਪੂਰਾ, ਘੱਟ
(C) ਪ੍ਰਕਾਰ ਵਾਚਕ	(III) ਪਹਿਲਾਂ, ਰਾਤ, ਸਵੇਰੇ, ਦੁਪਹਿਰੇ
(D) ਪਰਿਮਾਣ ਵਾਚਕ	(IV) ਨੇੜੇ, ਬਾਹਰ, ਅੰਦਰ, ਇਧਰ

ਹੇਠਾਂ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ:

(A) (A) - (III), (B) - (IV), (C) - (I), (D) - (II)

(B) (A) - (I), (B) - (II), (C) - (III), (D) - (IV)

(C) (A) - (II), (B) - (III), (C) - (IV), (D) - (I)

(D) (A) - (IV), (B) - (I), (C) - (II), (D) - (III)

37. ਸੂਚੀ I ਦਾ ਸੂਚੀ II ਨਾਲ ਮੇਲਾਨ ਕਰੋ :

ਸੂਚੀ I	ਸੂਚੀ II
ਅਰਥ	**ਅਖਾਣ**
(A) ਦੁਚਿੱਤਾ ਮਨੁੱਖ ਕਿਸੇ ਪਾਸੇ ਨਹੀਂ ਲੱਗ ਸਕਦਾ	(I) ਇੱਕ ਇੱਕ ਤੇ ਦੋ ਗਿਆਰਾਂ
(B) ਵਧੇਰੇ ਨੁਕਸਾਨ ਵਿੱਚੋਂ ਕੁਝ ਪੂਰਾ ਹੋਣਾ	(II) ਕਰ ਮਜ਼ੂਰੀ ਖਾ ਚੂਰੀ
(C) ਮਿਲ ਕੇ ਕੰਮ ਕਰਨ ਨਾਲ ਤਾਕਤ ਵਧਦੀ ਹੈ	(III) ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ
(D) ਮਿਹਨਤ ਕਰਨ ਨਾਲ ਫਲ ਮਿਲਦਾ ਹੈ	(IV) ਜਾਂਦੇ ਚੋਰ ਦੀ ਲੰਗੋਟੀ ਸਹੀ

ਹੇਠਾਂ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ:

(A) (A) - (I), (B) - (II), (C) - (III), (D) - (IV)

(B) (A) - (II), (B) - (I), (C) - (IV), (D) - (III)

(C) (A) - (IV), (B) - (III), (C) - (II), (D) - (I)

(D) (A) - (III), (B) - (IV), (C) - (I), (D) - (II)

38. ਸੂਚੀ I ਦਾ ਸੂਚੀ II ਨਾਲ ਮੇਲਾਨ ਕਰੋ :

ਸੂਚੀ I ਅਖਾਣ	ਸੂਚੀ II ਅਰਥ
(A) ਇੱਕ ਚੁੱਪ ਤੇ ਸੌ ਸੁਖ	(I) ਜਿਹੜਾ ਕੰਮ ਅੱਜ ਹੋ ਜਾਏ ਉਹ ਚੰਗਾ ਹੁੰਦਾ ਹੈ
(B) ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਣ ਦੇ ਹੋਰ	(II) ਕੰਜੂਸ ਵਿਅਕਤੀ ਲਈ ਵਰਤਿਆ ਜਾਂਦਾ ਹੈ
(C) ਕੱਲ ਨਾਮ ਕਾਲ ਦਾ	(III) ਚੁੱਪ ਰਹਿਣ ਦੇ ਲਾਭ ਦੱਸਣੇ ਹੋਣ
(D) ਚਮੜੀ ਜਾਏ ਪਰ ਦਮੜੀ ਨਾ ਜਾਏ	(IV) ਮਿੱਠੀਆਂ ਗੱਲਾਂ ਨਾਲ ਭਰਮ ਜਾਣਾ

ਹੇਠਾਂ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ:

(A) (A) - (I), (B) - (II), (C) - (III), (D) - (IV)

(B) (A) - (II), (B) - (III), (C) - (IV), (D) - (I)

(C) (A) - (III), (B) - (IV), (C) - (I), (D) - (II)

(D) (A) - (IV), (B) - (I), (C) - (II), (D) - (III)

---

39. ਸੂਚੀ I ਦਾ ਸੂਚੀ II ਨਾਲ ਮੇਲਾਨ ਕਰੋ :

ਸੂਚੀ I ਅਰਥ	ਸੂਚੀ II ਮੁਹਾਵਰੇ
(A) ਹੋਰ ਸਹਿਣ ਨਾ ਹੋਣਾ	(I) ਕਾਇਆ ਪਲਟ ਜਾਣੀ
(B) ਹੌਂਸਲਾ ਦੇਣਾ	(II) ਖਿਆਲੀ ਪੁਲਾਉ ਪਕਾਉਣਾ
(C) ਸੁਧਾਰ ਹੋ ਜਾਣਾ	(III) ਸਬਰ ਦਾ ਪਿਆਲਾ ਭਰ ਜਾਣਾ
(D) ਨਿਰੋਲ ਕਲਪਨਾ ਕਰਨੀ	(IV) ਹੱਲਾ ਸ਼ੇਰੀ ਦੇਣੀ

ਹੇਠਾਂ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ:

(A) (A) - (I), (B) - (II), (C) - (III), (D) - (IV)

(B) (A) - (III), (B) - (IV), (C) - (I), (D) - (II)

(C) (A) - (II), (B) - (III), (C) - (IV), (D) - (I)

(D) (A) - (IV), (B) - (I), (C) - (II), (D) - (III)

40. ਸੂਚੀ । ਦਾ ਸੂਚੀ ॥ ਨਾਲ ਮੇਲਾਨ ਕਰੋ :

ਸੂਚੀ ।	**ਸੂਚੀ ॥**
ਮੁਹਾਵਰੇ	**ਅਰਥ**
(A) ਉੱਚਾ ਸਾਹ ਨਾ ਕੱਢਣਾ	(I) ਹਾਰ ਮੰਨਣੀ
(B) ਅੱਖਾਂ ਵਿੱਚ ਰਾਤ ਕੱਢਣੀ	(II) ਹੋਰ ਸਹਿਣ ਨਾ ਹੋਣਾ
(C) ਈਨ ਮੰਨਣੀ	(III) ਡਰ ਡਰ ਕੇ ਰਹਿਣਾ
(D) ਸਬਰ ਦਾ ਪਿਆਲਾ ਭਰ ਜਾਣਾ	(IV) ਜਾਗਦੇ ਰਹਿਣਾ

ਹੇਠਾਂ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ:

(A) (A) - (III), (B) - (IV), (C) - (I), (D) - (II)

(B) (A) - (I), (B) - (II), (C) - (III), (D) - (IV)

(C) (A) - (II), (B) - (I), (C) - (IV), (D) - (III)

(D) (A) - (IV), (B) - (III), (C) - (II), (D) - (I)

41.

ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂਡੋਲ ਖੜ੍ਹੇ ਵਿਖਾਈ ਦੇ ਰਹੇ ਹਨ| ਓਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ | ਪਹਿਲਾਂ ਤਾਂ ਓਹਨਾਂ ਨੂੰ ਕਰਨ ਵਾਲੇ ਕੰਮ ਹੀ ਬਹੁਤੇ ਨਹੀਂ ਦਿਸਦੇ ਤੇ ਫੇਰ ਓਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਓਹ ਕਿਸ ਕਿਸਮ ਦੇ ਕੰਮ ਦੀ ਯੋਗਤਾ ਰੱਖਦੇ ਹਨ | ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ ਇਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿਓਂਕਿ ਓਹਨਾਂ ਦੇ ਕੰਮ ਦੀ ਚੋਣ ਗਲਤ ਸੀ| ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫੈਸਲਿਆਂ ਵਿਚੋਂ ਹੈ| ਕਈ ਜ਼ਿੰਦਗੀਆਂ ਤਾਂ ਗਲਤ ਚੋਣ ਕਰਕੇ ਨਿਕੰਮੀਆਂ ਅਤੇ ਨਾਖੁਸ਼ ਰਹਿ ਜਾਂਦੀਆਂ ਹਨ | ਜਦ ਤੱਕ ਕੰਮ ਕਰਨ ਵਾਲੇ ਨੂੰ ਆਪਣੇ ਕੰਮ ਵਿਚੋਂ ਰੋਜ਼ੀ ਰੋਟੀ ਤੋਂ ਇਲਾਵਾ ਇਕ ਆਨੰਦ ਪ੍ਰਾਪਤ ਨਹੀਂ ਹੁੰਦਾ , ਓਹ ਨਾਂ ਤਾਂ ਆਪਨੇ ਕੰਮ ਵਿੱਚ ਕਮਾਲ ਦੀ ਆਸ ਰੱਖ ਸਕਦਾ ਹੈ ਅਤੇ ਨਾਂ ਹੀ ਓਸ ਕੰਮ ਦੇ ਵਸੀਲੇ ਨਾਲ ਆਪਣੀ ਆਤਮਾ ਵਿੱਚ ਖੇੜਾ ਲਿਆ ਸਕਦਾ ਹੈ | ਯਾਦ ਰਹੇ ਕਿ ਜ਼ਿੰਦਗੀ ਨੂੰ ਸਫਲ ਤੌਰ ਉੱਤੇ ਚਾਲੂ ਰੱਖਣ ਲਈ ਗੁਜ਼ਾਰੇ ਨਾਲੋਂ ਖੇੜੇ ਦੀ ਵੱਧ ਲੋੜ ਹੁੰਦੀ ਹੈ | ਜਿਸ ਦਿਲ ਵਿੱਚ ਓਸ ਦੇ ਹੱਥਾਂ ਦੀ ਕਾਰ ਕਦੇ ਹੁਲਾਸ ਅਤੇ ਖੇੜਾ ਨਹੀ ਲਿਆਉਂਦੀ , ਓਹ ਓਸ ਫੁੱਲ ਵਾਂਗ ਬੇ-ਨਿਖਾਰ ਰਹਿੰਦਾ ਹੈ ਜਿਸ ਉੱਤੇ ਕਦੇ ਸ਼ਬਨਮ ਦਾ ਮੋਤੀ ਨਹੀਂ ਥਰਕਿਆ ਅਤੇ ਨਾਂ ਹੀ ਆਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ |

ਹਰ ਕਸਬੇ ਵਿਚ ਬੇਸ਼ੁਮਾਰ ਅੱਕੇ-ਥੱਕੇ ਕਾਰੀਗਰਾਂ ਦੀ ਝਾਕੀ ਦਿਖਾਈ ਦੇਂਦੀ ਹੈ | ਜੋ ਸਾਰੀ ਉਮਰ ਗੋਲ ਸੁਰਾਖ ਵਿੱਚ ਜੋੜਨ ਲਈ ਆਪਣੇ ਚੌਰਸ ਕਿੱਲੇ ਦੀਆਂ ਨੁੱਕਰਾਂ ਛਿੱਲਦੇ ਰਹਿੰਦੇ ਹਨ | ਕਿਉਂਕਿ ਓਹਨਾਂ ਦੀ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ |

ਅੱਜ ਦੇ ਨੌਜਵਾਨਾਂ ਦੀ ਸਥਿਤੀ ਕਿਹੋ ਜਿਹੀ ਹੈ ?

(A) ਡਾਵਾਂਡੋਲ ਅਤੇ ਨਿਰਾਸ਼ਤਾ ਭਰਪੂਰ

(B) ਖੁਸ਼ ਅਤੇ ਪ੍ਰਸੰਨਤਾ ਭਰਪੂਰ

(C) ਫੈਸਲੇ ਉੱਤੇ ਆਧਾਰਿਤ

(D) ਕਾਮਯਾਬੀ ਵਾਲੀ

42.

ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂਡੋਲ ਖੜ੍ਹੇ ਵਿਖਾਈ ਦੇ ਰਹੇ ਹਨ| ਓਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ | ਪਹਿਲਾਂ ਤਾਂ ਓਹਨਾਂ ਨੂੰ ਕਰਨ ਵਾਲੇ ਕੰਮ ਹੀ ਬਹੁਤੇ ਨਹੀਂ ਦਿਸਦੇ ਤੇ ਫੇਰ ਓਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਓਹ ਕਿਸ ਕਿਸਮ ਦੇ ਕੰਮ ਦੀ ਯੋਗਤਾ ਰੱਖਦੇ ਹਨ | ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ ਇਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿਓਂਕਿ ਓਹਨਾਂ ਦੇ ਕੰਮ ਦੀ ਚੋਣ ਗਲਤ ਸੀ| ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫੈਸਲਿਆਂ ਵਿਚੋਂ ਹੈ| ਕਈ ਜ਼ਿੰਦਗੀਆਂ ਤਾਂ ਗਲਤ ਚੋਣ ਕਰਕੇ ਨਿਕੰਮੀਆਂ ਅਤੇ ਨਾਖੁਸ਼ ਰਹਿ ਜਾਂਦੀਆਂ ਹਨ | ਜਦ ਤੱਕ ਕੰਮ ਕਰਨ ਵਾਲੇ ਨੂੰ ਆਪਣੇ ਕੰਮ ਵਿਚੋਂ ਰੋਜ਼ੀ ਰੋਟੀ ਤੋਂ ਇਲਾਵਾ ਇਕ ਆਨੰਦ ਪ੍ਰਾਪਤ ਨਹੀਂ ਹੁੰਦਾ , ਓਹ ਨਾਂ ਤਾਂ ਆਪਨੇ ਕੰਮ ਵਿੱਚ ਕਮਾਲ ਦੀ ਆਸ ਰੱਖ ਸਕਦਾ ਹੈ ਅਤੇ ਨਾਂ ਹੀ ਓਸ ਕੰਮ ਦੇ ਵਸੀਲੇ ਨਾਲ ਆਪਣੀ ਆਤਮਾ ਵਿੱਚ ਖੇੜਾ ਲਿਆ ਸਕਦਾ ਹੈ | ਯਾਦ ਰਹੇ ਕਿ ਜ਼ਿੰਦਗੀ ਨੂੰ ਸਫਲ ਤੌਰ ਉੱਤੇ ਚਾਲੂ ਰੱਖਣ ਲਈ ਗੁਜ਼ਾਰੇ ਨਾਲੋਂ ਖੇੜੇ ਦੀ ਵੱਧ ਲੋੜ ਹੁੰਦੀ ਹੈ | ਜਿਸ ਦਿਲ ਵਿੱਚ ਓਸ ਦੇ ਹੱਥਾਂ ਦੀ ਕਾਰ ਕਦੇ ਹੁਲਾਸ ਅਤੇ ਖੇੜਾ ਨਹੀ ਲਿਆਉਂਦੀ , ਓਹ ਓਸ ਫੁੱਲ ਵਾਂਗ ਬੇ-ਨਿਖਾਰ ਰਹਿੰਦਾ ਹੈ ਜਿਸ ਉੱਤੇ ਕਦੇ ਸ਼ਬਨਮ ਦਾ ਮੋਤੀ ਨਹੀਂ ਥਰਕਿਆ ਅਤੇ ਨਾਂ ਹੀ ਆਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ |

ਹਰ ਕਸਬੇ ਵਿਚ ਬੇਸ਼ੁਮਾਰ ਅੱਕੇ-ਥੱਕੇ ਕਾਰੀਗਰਾਂ ਦੀ ਝਾਕੀ ਦਿਖਾਈ ਦੇਂਦੀ ਹੈ | ਜੋ ਸਾਰੀ ਉਮਰ ਗੋਲ ਸੁਰਾਖ ਵਿੱਚ ਜੋੜਨ ਲਈ ਆਪਣੇ ਚੌਰਸ ਕਿੱਲੇ ਦੀਆਂ ਨੁੱਕਰਾਂ ਛਿੱਲਦੇ ਰਹਿੰਦੇ ਹਨ | ਕਿਉਂਕਿ ਓਹਨਾਂ ਦੀ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ |

ਨੌਜਵਾਨਾਂ ਨੂੰ ਕੀ ਪਤਾ ਨਹੀ ਲਗਦਾ ?

(A) ਆਨੰਦਿਤ ਅਵਸਥਾ

(B) ਓਹ ਕਿਸ ਕਿਸਮ ਦੇ ਕੰਮ ਦੀ ਯੋਗਤਾ ਰੱਖਦੇ ਹਨ

(C) ਸਫਲ ਜ਼ਿੰਦਗੀ

(D) ਕੰਮ ਵਿਚੋ ਖੇੜਾ ਨਾ ਲੱਭਣਾ

43.

ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂਡੋਲ ਖੜ੍ਹੇ ਵਿਖਾਈ ਦੇ ਰਹੇ ਹਨ| ਓਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ | ਪਹਿਲਾਂ ਤਾਂ ਓਹਨਾਂ ਨੂੰ ਕਰਨ ਵਾਲੇ ਕੰਮ ਹੀ ਬਹੁਤੇ ਨਹੀਂ ਦਿਸਦੇ ਤੇ ਫੇਰ ਓਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਓਹ ਕਿਸ ਕਿਸਮ ਦੇ ਕੰਮ ਦੀ ਯੋਗਤਾ ਰੱਖਦੇ ਹਨ | ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ ਇਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿਓਂਕਿ ਓਹਨਾਂ ਦੇ ਕੰਮ ਦੀ ਚੋਣ ਗਲਤ ਸੀ| ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫੈਸਲਿਆਂ ਵਿਚੋਂ ਹੈ| ਕਈ ਜ਼ਿੰਦਗੀਆਂ ਤਾਂ ਗਲਤ ਚੋਣ ਕਰਕੇ ਨਿਕੰਮੀਆਂ ਅਤੇ ਨਾਖੁਸ਼ ਰਹਿ ਜਾਂਦੀਆਂ ਹਨ | ਜਦ ਤੱਕ ਕੰਮ ਕਰਨ ਵਾਲੇ ਨੂੰ ਆਪਣੇ ਕੰਮ ਵਿਚੋਂ ਰੋਜ਼ੀ ਰੋਟੀ ਤੋਂ ਇਲਾਵਾ ਇਕ ਆਨੰਦ ਪ੍ਰਾਪਤ ਨਹੀਂ ਹੁੰਦਾ , ਓਹ ਨਾਂ ਤਾਂ ਆਪਨੇ ਕੰਮ ਵਿੱਚ ਕਮਾਲ ਦੀ ਆਸ ਰੱਖ ਸਕਦਾ ਹੈ ਅਤੇ ਨਾਂ ਹੀ ਓਸ ਕੰਮ ਦੇ ਵਸੀਲੇ ਨਾਲ ਆਪਣੀ ਆਤਮਾ ਵਿੱਚ ਖੇੜਾ ਲਿਆ ਸਕਦਾ ਹੈ | ਯਾਦ ਰਹੇ ਕਿ ਜ਼ਿੰਦਗੀ ਨੂੰ ਸਫਲ ਤੌਰ ਉੱਤੇ ਚਾਲੂ ਰੱਖਣ ਲਈ ਗੁਜ਼ਾਰੇ ਨਾਲੋਂ ਖੇੜੇ ਦੀ ਵੱਧ ਲੋੜ ਹੁੰਦੀ ਹੈ | ਜਿਸ ਦਿਲ ਵਿੱਚ ਓਸ ਦੇ ਹੱਥਾਂ ਦੀ ਕਾਰ ਕਦੇ ਹੁਲਾਸ ਅਤੇ ਖੇੜਾ ਨਹੀ ਲਿਆਉਂਦੀ , ਓਹ ਓਸ ਫੁੱਲ ਵਾਂਗ ਬੇ-ਨਿਖਾਰ ਰਹਿੰਦਾ ਹੈ ਜਿਸ ਉੱਤੇ ਕਦੇ ਸ਼ਬਨਮ ਦਾ ਮੋਤੀ ਨਹੀਂ ਥਰਕਿਆ ਅਤੇ ਨਾਂ ਹੀ ਆਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ |

ਹਰ ਕਸਬੇ ਵਿਚ ਬੇਸ਼ੁਮਾਰ ਅੱਕੇ-ਥੱਕੇ ਕਾਰੀਗਰਾਂ ਦੀ ਝਾਕੀ ਦਿਖਾਈ ਦੇਂਦੀ ਹੈ | ਜੋ ਸਾਰੀ ਉਮਰ ਗੋਲ ਸੁਰਾਖ ਵਿੱਚ ਜੋੜਨ ਲਈ ਆਪਣੇ ਚੌਰਸ ਕਿੱਲੇ ਦੀਆਂ ਨੁੱਕਰਾਂ ਛਿੱਲਦੇ ਰਹਿੰਦੇ ਹਨ | ਕਿਉਂਕਿ ਓਹਨਾਂ ਦੀ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ |

ਕੰਮ ਤੋਂ ਆਨੰਦ ਪ੍ਰਾਪਤ ਨਾਂ ਹੋਣ ਤੇ ਕੀ ਹੋਵੇਗਾ ?

(A) ਓਹ ਚਾਰੋਂ ਪਾਸੇ ਵੇਖਦਾ ਰਹੇਗਾ

(B) ਓਹ ਚੁਰਸਤੇ ਤੇ ਵਿਖਾਈ ਦਿੰਦਾ ਹੈ

(C) ਓਹ ਕੰਮ ਵਿਚੋਂ ਕਮਾਲ ਦੀ ਆਸ ਨਹੀ ਰੱਖ ਸਕਦਾ

(D) ਅੱਕਿਆ ਥੱਕਿਆ ਕਾਰੀਗਰ

44.

ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂਡੋਲ ਖੜ੍ਹੇ ਵਿਖਾਈ ਦੇ ਰਹੇ ਹਨ| ਓਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ | ਪਹਿਲਾਂ ਤਾਂ ਓਹਨਾਂ ਨੂੰ ਕਰਨ ਵਾਲੇ ਕੰਮ ਹੀ ਬਹੁਤੇ ਨਹੀਂ ਦਿਸਦੇ ਤੇ ਫੇਰ ਓਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਓਹ ਕਿਸ ਕਿਸਮ ਦੇ ਕੰਮ ਦੀ ਯੋਗਤਾ ਰੱਖਦੇ ਹਨ | ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ ਇਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿਓਂਕਿ ਓਹਨਾਂ ਦੇ ਕੰਮ ਦੀ ਚੋਣ ਗਲਤ ਸੀ| ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫੈਸਲਿਆਂ ਵਿਚੋਂ ਹੈ| ਕਈ ਜ਼ਿੰਦਗੀਆਂ ਤਾਂ ਗਲਤ ਚੋਣ ਕਰਕੇ ਨਿਕੰਮੀਆਂ ਅਤੇ ਨਾਖੁਸ਼ ਰਹਿ ਜਾਂਦੀਆਂ ਹਨ | ਜਦ ਤੱਕ ਕੰਮ ਕਰਨ ਵਾਲੇ ਨੂੰ ਆਪਣੇ ਕੰਮ ਵਿਚੋਂ ਰੋਜ਼ੀ ਰੋਟੀ ਤੋਂ ਇਲਾਵਾ ਇਕ ਆਨੰਦ ਪ੍ਰਾਪਤ ਨਹੀਂ ਹੁੰਦਾ , ਓਹ ਨਾਂ ਤਾਂ ਆਪਨੇ ਕੰਮ ਵਿੱਚ ਕਮਾਲ ਦੀ ਆਸ ਰੱਖ ਸਕਦਾ ਹੈ ਅਤੇ ਨਾਂ ਹੀ ਓਸ ਕੰਮ ਦੇ ਵਸੀਲੇ ਨਾਲ ਆਪਣੀ ਆਤਮਾ ਵਿੱਚ ਖੇੜਾ ਲਿਆ ਸਕਦਾ ਹੈ | ਯਾਦ ਰਹੇ ਕਿ ਜ਼ਿੰਦਗੀ ਨੂੰ ਸਫਲ ਤੌਰ ਉੱਤੇ ਚਾਲੂ ਰੱਖਣ ਲਈ ਗੁਜ਼ਾਰੇ ਨਾਲੋਂ ਖੇੜੇ ਦੀ ਵੱਧ ਲੋੜ ਹੁੰਦੀ ਹੈ | ਜਿਸ ਦਿਲ ਵਿੱਚ ਓਸ ਦੇ ਹੱਥਾਂ ਦੀ ਕਾਰ ਕਦੇ ਹੁਲਾਸ ਅਤੇ ਖੇੜਾ ਨਹੀ ਲਿਆਉਂਦੀ , ਓਹ ਓਸ ਫੁੱਲ ਵਾਂਗ ਬੇ-ਨਿਖਾਰ ਰਹਿੰਦਾ ਹੈ ਜਿਸ ਉੱਤੇ ਕਦੇ ਸ਼ਬਨਮ ਦਾ ਮੋਤੀ ਨਹੀਂ ਥਰਕਿਆ ਅਤੇ ਨਾਂ ਹੀ ਆਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ |

ਹਰ ਕਸਬੇ ਵਿਚ ਬੇਸ਼ੁਮਾਰ ਅੱਕੇ-ਥੱਕੇ ਕਾਰੀਗਰਾਂ ਦੀ ਝਾਕੀ ਦਿਖਾਈ ਦੇਂਦੀ ਹੈ | ਜੋ ਸਾਰੀ ਉਮਰ ਗੋਲ ਸੁਰਾਖ ਵਿੱਚ ਜੋੜਨ ਲਈ ਆਪਣੇ ਚੌਰਸ ਕਿੱਲੇ ਦੀਆਂ ਨੁੱਕਰਾਂ ਛਿੱਲਦੇ ਰਹਿੰਦੇ ਹਨ | ਕਿਉਂਕਿ ਓਹਨਾਂ ਦੀ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ |

ਅਨੇਕਾਂ ਕੀਮਤੀ ਜ਼ਿੰਦਗੀਆਂ ਆਪਣਾ ਮੁੱਲ ਕਿਓਂ ਨਹੀਂ ਪੁਆ ਸਕੀਆਂ ?

(A) ਕਿਓਂਕਿ ਓਹ ਐਸ਼ਪ੍ਰਸਤ ਸਨ

(B) ਕਿਓਂਕਿ ਓਹ ਕੰਮ ਨਹੀ ਕਰਦੇ ਸਨ

(C) ਕਿਓਂਕਿ ਓਹਨਾਂ ਦੇ ਕੰਮ ਦੀ ਚੋਣ ਗਲਤ ਸੀ

(D) ਕਿਓਂਕਿ ਓਹ ਕੰਮ ਕਰਨਾ ਨਹੀਂ ਸਨ ਚਾਹੁੰਦੇ

45.

ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂਡੋਲ ਖੜ੍ਹੇ ਵਿਖਾਈ ਦੇ ਰਹੇ ਹਨ| ਓਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ | ਪਹਿਲਾਂ ਤਾਂ ਓਹਨਾਂ ਨੂੰ ਕਰਨ ਵਾਲੇ ਕੰਮ ਹੀ ਬਹੁਤੇ ਨਹੀਂ ਦਿਸਦੇ ਤੇ ਫੇਰ ਓਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਓਹ ਕਿਸ ਕਿਸਮ ਦੇ ਕੰਮ ਦੀ ਯੋਗਤਾ ਰੱਖਦੇ ਹਨ | ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ ਇਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿਓਂਕਿ ਓਹਨਾਂ ਦੇ ਕੰਮ ਦੀ ਚੋਣ ਗਲਤ ਸੀ| ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫੈਸਲਿਆਂ ਵਿਚੋਂ ਹੈ| ਕਈ ਜ਼ਿੰਦਗੀਆਂ ਤਾਂ ਗਲਤ ਚੋਣ ਕਰਕੇ ਨਿਕੰਮੀਆਂ ਅਤੇ ਨਾਖੁਸ਼ ਰਹਿ ਜਾਂਦੀਆਂ ਹਨ | ਜਦ ਤੱਕ ਕੰਮ ਕਰਨ ਵਾਲੇ ਨੂੰ ਆਪਣੇ ਕੰਮ ਵਿਚੋਂ ਰੋਜ਼ੀ ਰੋਟੀ ਤੋਂ ਇਲਾਵਾ ਇਕ ਆਨੰਦ ਪ੍ਰਾਪਤ ਨਹੀਂ ਹੁੰਦਾ , ਓਹ ਨਾਂ ਤਾਂ ਆਪਨੇ ਕੰਮ ਵਿੱਚ ਕਮਾਲ ਦੀ ਆਸ ਰੱਖ ਸਕਦਾ ਹੈ ਅਤੇ ਨਾਂ ਹੀ ਓਸ ਕੰਮ ਦੇ ਵਸੀਲੇ ਨਾਲ ਆਪਣੀ ਆਤਮਾ ਵਿੱਚ ਖੇੜਾ ਲਿਆ ਸਕਦਾ ਹੈ | ਯਾਦ ਰਹੇ ਕਿ ਜ਼ਿੰਦਗੀ ਨੂੰ ਸਫਲ ਤੌਰ ਉੱਤੇ ਚਾਲੂ ਰੱਖਣ ਲਈ ਗੁਜ਼ਾਰੇ ਨਾਲੋਂ ਖੇੜੇ ਦੀ ਵੱਧ ਲੋੜ ਹੁੰਦੀ ਹੈ | ਜਿਸ ਦਿਲ ਵਿੱਚ ਓਸ ਦੇ ਹੱਥਾਂ ਦੀ ਕਾਰ ਕਦੇ ਹੁਲਾਸ ਅਤੇ ਖੇੜਾ ਨਹੀ ਲਿਆਉਂਦੀ , ਓਹ ਓਸ ਫੁੱਲ ਵਾਂਗ ਬੇ-ਨਿਖਾਰ ਰਹਿੰਦਾ ਹੈ ਜਿਸ ਉੱਤੇ ਕਦੇ ਸ਼ਬਨਮ ਦਾ ਮੋਤੀ ਨਹੀਂ ਥਰਕਿਆ ਅਤੇ ਨਾਂ ਹੀ ਆਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ |

ਹਰ ਕਸਬੇ ਵਿਚ ਬੇਸ਼ੁਮਾਰ ਅੱਕੇ-ਥੱਕੇ ਕਾਰੀਗਰਾਂ ਦੀ ਝਾਕੀ ਦਿਖਾਈ ਦੇਂਦੀ ਹੈ | ਜੋ ਸਾਰੀ ਉਮਰ ਗੋਲ ਸੁਰਾਖ ਵਿੱਚ ਜੋੜਨ ਲਈ ਆਪਣੇ ਚੌਰਸ ਕਿੱਲੇ ਦੀਆਂ ਨੁੱਕਰਾਂ ਛਿੱਲਦੇ ਰਹਿੰਦੇ ਹਨ | ਕਿਉਂਕਿ ਓਹਨਾਂ ਦੀ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ |

ਜ਼ਿੰਦਗੀ ਨੂੰ ਸਫਲ ਤੌਰ ਤੇ ਚਾਲੂ ਰੱਖਣ ਲਈ ਕਿਸ ਚੀਜ਼ ਦੀ ਵਧੇਰੇ ਲੋੜ ਹੁੰਦੀ ਹੈ ?

(A) ਨਿਰਾਸ਼ਾ ਦੀ

(B) ਪੈਸੇ ਦੀ

(C) ਗੁਜ਼ਾਰੇ ਦੀ

(D) ਖੇੜੇ ਦੀ

46.

ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ | ਆਪ ਨੇ ਭਾਰਤ ਦੀ ਸੁੱਤੀ ਕੌਮ ਨੂੰ ਜਗਾਇਆ ਅਤੇ ਮੁਰਦਾ ਰੂਹਾਂ ਵਿਚ ਜਾਨ ਪਾਈ | ਆਪ ਮਹਾਂ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ, ਅਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਸਨ | ਆਪ ਨੂੰ ਅਨੇਕਾਂ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ - ਕਲਗੀਆਂ ਵਾਲਾ, ਦਸਮੇਸ਼ ਪਿਤਾ, ਨੀਲੇ ਘੋੜੇ ਦਾ ਸਵਾਰ, ਬਾਜਾਂ ਵਾਲਾ, ਸਰਬੰਸ ਦਾਨੀ ਆਦਿ| ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ੨੨ ਦਸੰਬਰ , 1666 ਈ. ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ | ਬਚਪਨ ਵਿਚ ਆਪ ਬਾਲਕਾਂ ਦੀਆਂ ਫੌਜਾਂ ਬਣਾ ਕੇ ਇਕ-ਦੂਜੇ ਵਿਰੁਧ ਲੜਾਈਆਂ ਕਰਦੇ ਸਨ | ਆਪ ਛੇ ਸਾਲ ਦੀ ਉਮਰ ਵਿੱਚ ਆਨੰਦਪੁਰ ਆ ਗਏ | ਇੱਥੇ ਆਪ ਨੇ ਸੰਸਕ੍ਰਿਤ, ਫ਼ਾਰਸੀ, ਅਰਬੀ, ਬ੍ਰਜ ਅਤੇ ਪੰਜਾਬੀ ਆਦਿ ਬੋਲੀਆਂ ਸਿੱਖੀਆਂ| ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਰਾਮ ਕੰਵਰ ਜੀ ਨੇ ਮਰਯਾਦਾ ਅਨੁਸਾਰ ਆਪ ਨੂੰ ਗੁਰਗੱਦੀ ਤੇ ਬਿਠਾ ਦਿੱਤਾ| ਆਪ ਨੇ ਇਸ ਮਹਾਂ ਪਦਵੀ ਨੂੰ ਸੰਭਾਲਦਿਆਂ ਹੀ ਸੰਗਤਾਂ ਨੂੰ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਕਿਹਾ | ਆਪ ਨੇ ਇਕ ਰਣਜੀਤ ਨਗਾਰਾ ਬਣ੍ਹਾਇਆ ਜਿਸ ਦੀ ਗੂੰਜ ਦੂਰ -ਦੂਰ ਤੱਕ ਪਹਾੜੀ ਰਾਜਿਆਂ ਨੂੰ ਸੁਣਾਈ ਦਿੱਤੀ | ਆਪ ਨੇ 1699 ਈ. ਦੀ ਵਿਸਾਖੀ ਤੇ ਆਨੰਦਪੁਰ ਸਾਹਿਬ ਵਿਚ ਸੰਗਤਾਂ ਦਾ ਭਾਰੀ ਇਕਠ ਬੁਲਾ ਕੇ ਪੰਜ ਸਿਰ ਦੀ ਮੰਗ ਕੀਤੀ | ਇਸ ਮੌਕੇ ਪੰਜ ਸਿੱਖਾਂ ਨੇ ਗੁਰੂ ਜੀ ਦੀ ਮੰਗ ਨੂੰ ਸਵੀਕਾਰ ਕੀਤਾ | ਗੁਰੂ ਜੀ ਨੇ ਉਨ੍ਹਾਂ ਨੂੰ ਅਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ | ਗੁਰੂ ਸਾਹਿਬ ਨੇ ਜਾਪੁ ਸਾਹਿਬ, ਚੰਡੀ ਦੀ ਵਾਰ, ਜ਼ਫਰਨਾਮਾ , ਬਚਿੱਤਰ ਨਾਟਕ , ਅਕਾਲ ਉਸਤਤ, ਚੰਡੀ ਚਰਿਤਰ ਅਤੇ ਗਿਆਨ ਪ੍ਰਬੋਧ ਆਦਿ ਰਚਨਾਵਾਂ ਦੀ ਸਿਰਜਨਾ ਕੀਤੀ |

ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਦੀ ਕੌਮ ਨੂੰ ਕੀ ਕੀਤਾ ?

(A) ਓਹਨਾਂ ਨੂੰ ਸੁਲਾਇਆ

(B) ਓਹਨਾਂ ਨੂੰ ਦੇਸ਼ ਛਡਣ ਲਈ ਕਿਹਾ

(C) ਸੁੱਤੀ ਕੌਮ ਨੂੰ ਜਗਾਇਆ ਤੇ ਮੁਰਦਾ ਰੂਹ ਵਿੱਚ ਜਾਨ ਪਾਈ

(D) ਓਹਨਾਂ ਨੂੰ ਪੜ੍ਹਾਇਆ

47.

ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ | ਆਪ ਨੇ ਭਾਰਤ ਦੀ ਸੁੱਤੀ ਕੌਮ ਨੂੰ ਜਗਾਇਆ ਅਤੇ ਮੁਰਦਾ ਰੂਹਾਂ ਵਿਚ ਜਾਨ ਪਾਈ | ਆਪ ਮਹਾਂ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ, ਅਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਸਨ | ਆਪ ਨੂੰ ਅਨੇਕਾਂ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ - ਕਲਗੀਆਂ ਵਾਲਾ, ਦਸਮੇਸ਼ ਪਿਤਾ, ਨੀਲੇ ਘੋੜੇ ਦਾ ਸਵਾਰ, ਬਾਜਾਂ ਵਾਲਾ, ਸਰਬੰਸ ਦਾਨੀ ਆਦਿ| ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ੨੨ ਦਸੰਬਰ , 1666 ਈ. ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ | ਬਚਪਨ ਵਿਚ ਆਪ ਬਾਲਕਾਂ ਦੀਆਂ ਫੌਜਾਂ ਬਣਾ ਕੇ ਇਕ-ਦੂਜੇ ਵਿਰੁਧ ਲੜਾਈਆਂ ਕਰਦੇ ਸਨ | ਆਪ ਛੇ ਸਾਲ ਦੀ ਉਮਰ ਵਿੱਚ ਆਨੰਦਪੁਰ ਆ ਗਏ | ਇੱਥੇ ਆਪ ਨੇ ਸੰਸਕ੍ਰਿਤ, ਫ਼ਾਰਸੀ, ਅਰਬੀ, ਬ੍ਰਜ ਅਤੇ ਪੰਜਾਬੀ ਆਦਿ ਬੋਲੀਆਂ ਸਿੱਖੀਆਂ| ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਰਾਮ ਕੰਵਰ ਜੀ ਨੇ ਮਰਯਾਦਾ ਅਨੁਸਾਰ ਆਪ ਨੂੰ ਗੁਰਗੱਦੀ ਤੇ ਬਿਠਾ ਦਿੱਤਾ| ਆਪ ਨੇ ਇਸ ਮਹਾਂ ਪਦਵੀ ਨੂੰ ਸੰਭਾਲਦਿਆਂ ਹੀ ਸੰਗਤਾਂ ਨੂੰ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਕਿਹਾ | ਆਪ ਨੇ ਇਕ ਰਣਜੀਤ ਨਗਾਰਾ ਬਣ੍ਹਾਇਆ ਜਿਸ ਦੀ ਗੂੰਜ ਦੂਰ -ਦੂਰ ਤੱਕ ਪਹਾੜੀ ਰਾਜਿਆਂ ਨੂੰ ਸੁਣਾਈ ਦਿੱਤੀ | ਆਪ ਨੇ 1699 ਈ. ਦੀ ਵਿਸਾਖੀ ਤੇ ਆਨੰਦਪੁਰ ਸਾਹਿਬ ਵਿਚ ਸੰਗਤਾਂ ਦਾ ਭਾਰੀ ਇਕਠ ਬੁਲਾ ਕੇ ਪੰਜ ਸਿਰ ਦੀ ਮੰਗ ਕੀਤੀ | ਇਸ ਮੌਕੇ ਪੰਜ ਸਿੱਖਾਂ ਨੇ ਗੁਰੂ ਜੀ ਦੀ ਮੰਗ ਨੂੰ ਸਵੀਕਾਰ ਕੀਤਾ | ਗੁਰੂ ਜੀ ਨੇ ਉਨ੍ਹਾਂ ਨੂੰ ਅਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ | ਗੁਰੂ ਸਾਹਿਬ ਨੇ ਜਾਪੁ ਸਾਹਿਬ, ਚੰਡੀ ਦੀ ਵਾਰ, ਜ਼ਫਰਨਾਮਾ , ਬਚਿੱਤਰ ਨਾਟਕ , ਅਕਾਲ ਉਸਤਤ, ਚੰਡੀ ਚਰਿਤਰ ਅਤੇ ਗਿਆਨ ਪ੍ਰਬੋਧ ਆਦਿ ਰਚਨਾਵਾਂ ਦੀ ਸਿਰਜਨਾ ਕੀਤੀ |

ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਦਾ ਨਾਮ ਕੀ ਸੀ?

(A) ਮਾਤਾ ਗੁਜਰੀ ਜੀ

(B) ਬੀਬੀ ਭਾਨੀ ਜੀ

(C) ਬੀਬੀ ਅਮਰੋ ਜੀ

(D) ਮਾਤਾ ਸੁਲੱਖਣੀ

48.

ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ | ਆਪ ਨੇ ਭਾਰਤ ਦੀ ਸੁੱਤੀ ਕੌਮ ਨੂੰ ਜਗਾਇਆ ਅਤੇ ਮੁਰਦਾ ਰੂਹਾਂ ਵਿਚ ਜਾਨ ਪਾਈ | ਆਪ ਮਹਾਂ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ, ਅਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਸਨ | ਆਪ ਨੂੰ ਅਨੇਕਾਂ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ - ਕਲਗੀਆਂ ਵਾਲਾ, ਦਸਮੇਸ਼ ਪਿਤਾ, ਨੀਲੇ ਘੋੜੇ ਦਾ ਸਵਾਰ, ਬਾਜਾਂ ਵਾਲਾ, ਸਰਬੰਸ ਦਾਨੀ ਆਦਿ| ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ੨੨ ਦਸੰਬਰ , 1666 ਈ. ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ | ਬਚਪਨ ਵਿਚ ਆਪ ਬਾਲਕਾਂ ਦੀਆਂ ਫੌਜਾਂ ਬਣਾ ਕੇ ਇਕ-ਦੂਜੇ ਵਿਰੁਧ ਲੜਾਈਆਂ ਕਰਦੇ ਸਨ | ਆਪ ਛੇ ਸਾਲ ਦੀ ਉਮਰ ਵਿੱਚ ਆਨੰਦਪੁਰ ਆ ਗਏ | ਇੱਥੇ ਆਪ ਨੇ ਸੰਸਕ੍ਰਿਤ, ਫ਼ਾਰਸੀ, ਅਰਬੀ, ਬ੍ਰਜ ਅਤੇ ਪੰਜਾਬੀ ਆਦਿ ਬੋਲੀਆਂ ਸਿੱਖੀਆਂ| ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਰਾਮ ਕੰਵਰ ਜੀ ਨੇ ਮਰਯਾਦਾ ਅਨੁਸਾਰ ਆਪ ਨੂੰ ਗੁਰਗੱਦੀ ਤੇ ਬਿਠਾ ਦਿੱਤਾ| ਆਪ ਨੇ ਇਸ ਮਹਾਂ ਪਦਵੀ ਨੂੰ ਸੰਭਾਲਦਿਆਂ ਹੀ ਸੰਗਤਾਂ ਨੂੰ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਕਿਹਾ | ਆਪ ਨੇ ਇਕ ਰਣਜੀਤ ਨਗਾਰਾ ਬਣ੍ਹਾਇਆ ਜਿਸ ਦੀ ਗੂੰਜ ਦੂਰ -ਦੂਰ ਤੱਕ ਪਹਾੜੀ ਰਾਜਿਆਂ ਨੂੰ ਸੁਣਾਈ ਦਿੱਤੀ | ਆਪ ਨੇ 1699 ਈ. ਦੀ ਵਿਸਾਖੀ ਤੇ ਆਨੰਦਪੁਰ ਸਾਹਿਬ ਵਿਚ ਸੰਗਤਾਂ ਦਾ ਭਾਰੀ ਇਕਠ ਬੁਲਾ ਕੇ ਪੰਜ ਸਿਰ ਦੀ ਮੰਗ ਕੀਤੀ | ਇਸ ਮੌਕੇ ਪੰਜ ਸਿੱਖਾਂ ਨੇ ਗੁਰੂ ਜੀ ਦੀ ਮੰਗ ਨੂੰ ਸਵੀਕਾਰ ਕੀਤਾ | ਗੁਰੂ ਜੀ ਨੇ ਉਨ੍ਹਾਂ ਨੂੰ ਅਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ | ਗੁਰੂ ਸਾਹਿਬ ਨੇ ਜਾਪੁ ਸਾਹਿਬ, ਚੰਡੀ ਦੀ ਵਾਰ, ਜ਼ਫਰਨਾਮਾ , ਬਚਿੱਤਰ ਨਾਟਕ , ਅਕਾਲ ਉਸਤਤ, ਚੰਡੀ ਚਰਿਤਰ ਅਤੇ ਗਿਆਨ ਪ੍ਰਬੋਧ ਆਦਿ ਰਚਨਾਵਾਂ ਦੀ ਸਿਰਜਨਾ ਕੀਤੀ |

ਗੁਰੂ ਗੋਬਿੰਦ ਸਿੰਘ ਜੀ ਕਿੰਨੇ ਸਾਲ ਦੀ ਉਮਰ ਵਿੱਚ ਆਨੰਦਪੁਰ ਆ ਗਏ ?

(A) ਬਾਰਾਂ

(B) ਪੰਦਰਾਂ

(C) ਦਸ

(D) ਛੇ

49.

ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ | ਆਪ ਨੇ ਭਾਰਤ ਦੀ ਸੁੱਤੀ ਕੌਮ ਨੂੰ ਜਗਾਇਆ ਅਤੇ ਮੁਰਦਾ ਰੂਹਾਂ ਵਿਚ ਜਾਨ ਪਾਈ | ਆਪ ਮਹਾਂ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ, ਅਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਸਨ | ਆਪ ਨੂੰ ਅਨੇਕਾਂ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ - ਕਲਗੀਆਂ ਵਾਲਾ, ਦਸਮੇਸ਼ ਪਿਤਾ, ਨੀਲੇ ਘੋੜੇ ਦਾ ਸਵਾਰ, ਬਾਜਾਂ ਵਾਲਾ, ਸਰਬੰਸ ਦਾਨੀ ਆਦਿ| ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ੨੨ ਦਸੰਬਰ , 1666 ਈ. ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ | ਬਚਪਨ ਵਿਚ ਆਪ ਬਾਲਕਾਂ ਦੀਆਂ ਫੌਜਾਂ ਬਣਾ ਕੇ ਇਕ-ਦੂਜੇ ਵਿਰੁਧ ਲੜਾਈਆਂ ਕਰਦੇ ਸਨ | ਆਪ ਛੇ ਸਾਲ ਦੀ ਉਮਰ ਵਿੱਚ ਆਨੰਦਪੁਰ ਆ ਗਏ | ਇੱਥੇ ਆਪ ਨੇ ਸੰਸਕ੍ਰਿਤ, ਫ਼ਾਰਸੀ, ਅਰਬੀ, ਬ੍ਰਜ ਅਤੇ ਪੰਜਾਬੀ ਆਦਿ ਬੋਲੀਆਂ ਸਿੱਖੀਆਂ| ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਰਾਮ ਕੰਵਰ ਜੀ ਨੇ ਮਰਯਾਦਾ ਅਨੁਸਾਰ ਆਪ ਨੂੰ ਗੁਰਗੱਦੀ ਤੇ ਬਿਠਾ ਦਿੱਤਾ| ਆਪ ਨੇ ਇਸ ਮਹਾਂ ਪਦਵੀ ਨੂੰ ਸੰਭਾਲਦਿਆਂ ਹੀ ਸੰਗਤਾਂ ਨੂੰ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਕਿਹਾ | ਆਪ ਨੇ ਇਕ ਰਣਜੀਤ ਨਗਾਰਾ ਬਨ੍ਹਾਇਆ ਜਿਸ ਦੀ ਗੂੰਜ ਦੂਰ -ਦੂਰ ਤੱਕ ਪਹਾੜੀ ਰਾਜਿਆਂ ਨੂੰ ਸੁਨਾਈ ਦਿੱਤੀ | ਆਪ ਨੇ 1699 ਈ. ਦੀ ਵਿਸਾਖੀ ਤੇ ਆਨੰਦਪੁਰ ਸਾਹਿਬ ਵਿਚ ਸੰਗਤਾਂ ਦਾ ਭਾਰੀ ਇਕਠ ਬੁਲਾ ਕੇ ਪੰਜ ਸਿਰ ਦੀ ਮੰਗ ਕੀਤੀ | ਇਸ ਮੌਕੇ ਪੰਜ ਸਿੱਖਾਂ ਨੇ ਗੁਰੂ ਜੀ ਦੀ ਮੰਗ ਨੂੰ ਸਵੀਕਾਰ ਕੀਤਾ | ਗੁਰੂ ਜੀ ਨੇ ਉਨ੍ਹਾਂ ਨੂੰ ਅਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ | ਗੁਰੂ ਸਾਹਿਬ ਨੇ ਜਾਪੁ ਸਾਹਿਬ, ਚੰਡੀ ਦੀ ਵਾਰ, ਜ਼ਫਰਨਾਮਾ , ਬਚਿੱਤਰ ਨਾਟਕ , ਅਕਾਲ ਉਸਤਤ, ਚੰਡੀ ਚਰਿਤਰ ਅਤੇ ਗਿਆਨ ਪ੍ਰਬੋਧ ਆਦਿ ਰਚਨਾਵਾਂ ਦੀ ਸਿਰਜਨਾ ਕੀਤੀ |

ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਵਿਚੋਂ ਕਿਹੜੀ ਭਾਸ਼ਾ ਆਨੰਦਪੁਰ ਵਿੱਚ ਨਹੀਂ ਸਿੱਖੀ ?

(A) ਫ਼ਾਰਸੀ

(B) ਸੰਸਕ੍ਰਿਤ

(C) ਅੰਗ੍ਰੇਜ਼ੀ

(D) ਬ੍ਰਜ

50.

ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹੋ ਅਤੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ | ਆਪ ਨੇ ਭਾਰਤ ਦੀ ਸੁੱਤੀ ਕੌਮ ਨੂੰ ਜਗਾਇਆ ਅਤੇ ਮੁਰਦਾ ਰੂਹਾਂ ਵਿਚ ਜਾਨ ਪਾਈ | ਆਪ ਮਹਾਂ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ, ਅਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਸਨ | ਆਪ ਨੂੰ ਅਨੇਕਾਂ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ - ਕਲਗੀਆਂ ਵਾਲਾ, ਦਸਮੇਸ਼ ਪਿਤਾ, ਨੀਲੇ ਘੋੜੇ ਦਾ ਸਵਾਰ, ਬਾਜਾਂ ਵਾਲਾ, ਸਰਬੰਸ ਦਾਨੀ ਆਦਿ| ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ੨੨ ਦਸੰਬਰ , 1666 ਈ. ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ | ਬਚਪਨ ਵਿਚ ਆਪ ਬਾਲਕਾਂ ਦੀਆਂ ਫੌਜਾਂ ਬਣਾ ਕੇ ਇਕ-ਦੂਜੇ ਵਿਰੁਧ ਲੜਾਈਆਂ ਕਰਦੇ ਸਨ | ਆਪ ਛੇ ਸਾਲ ਦੀ ਉਮਰ ਵਿੱਚ ਆਨੰਦਪੁਰ ਆ ਗਏ | ਇੱਥੇ ਆਪ ਨੇ ਸੰਸਕ੍ਰਿਤ, ਫ਼ਾਰਸੀ, ਅਰਬੀ, ਬ੍ਰਜ ਅਤੇ ਪੰਜਾਬੀ ਆਦਿ ਬੋਲੀਆਂ ਸਿੱਖੀਆਂ| ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਰਾਮ ਕੰਵਰ ਜੀ ਨੇ ਮਰਯਾਦਾ ਅਨੁਸਾਰ ਆਪ ਨੂੰ ਗੁਰਗੱਦੀ ਤੇ ਬਿਠਾ ਦਿੱਤਾ| ਆਪ ਨੇ ਇਸ ਮਹਾਂ ਪਦਵੀ ਨੂੰ ਸੰਭਾਲਦਿਆਂ ਹੀ ਸੰਗਤਾਂ ਨੂੰ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਕਿਹਾ | ਆਪ ਨੇ ਇਕ ਰਣਜੀਤ ਨਗਾਰਾ ਬਨ੍ਹਾਇਆ ਜਿਸ ਦੀ ਗੂੰਜ ਦੂਰ -ਦੂਰ ਤੱਕ ਪਹਾੜੀ ਰਾਜਿਆਂ ਨੂੰ ਸੁਨਾਈ ਦਿੱਤੀ | ਆਪ ਨੇ 1699 ਈ. ਦੀ ਵਿਸਾਖੀ ਤੇ ਆਨੰਦਪੁਰ ਸਾਹਿਬ ਵਿਚ ਸੰਗਤਾਂ ਦਾ ਭਾਰੀ ਇਕਠ ਬੁਲਾ ਕੇ ਪੰਜ ਸਿਰ ਦੀ ਮੰਗ ਕੀਤੀ | ਇਸ ਮੌਕੇ ਪੰਜ ਸਿੱਖਾਂ ਨੇ ਗੁਰੂ ਜੀ ਦੀ ਮੰਗ ਨੂੰ ਸਵੀਕਾਰ ਕੀਤਾ | ਗੁਰੂ ਜੀ ਨੇ ਉਨ੍ਹਾਂ ਨੂੰ ਅਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ | ਗੁਰੂ ਸਾਹਿਬ ਨੇ ਜਾਪੁ ਸਾਹਿਬ, ਚੰਡੀ ਦੀ ਵਾਰ, ਜ਼ਫਰਨਾਮਾ , ਬਚਿੱਤਰ ਨਾਟਕ , ਅਕਾਲ ਉਸਤਤ, ਚੰਡੀ ਚਰਿਤਰ ਅਤੇ ਗਿਆਨ ਪ੍ਰਬੋਧ ਆਦਿ ਰਚਨਾਵਾਂ ਦੀ ਸਿਰਜਨਾ ਕੀਤੀ |

ਗੁਰੂ ਗੋਬਿੰਦ ਸਿੰਘ ਜੀ ਨੂੰ ਮਰਯਾਦਾ ਅਨੁਸਾਰ ਗੁਰਗੱਦੀ ਉੱਪਰ ਕਿਸਨੇ ਬਿਠਾਇਆ

(A) ਗੁਰੂ ਤੇਗ ਬਹਾਦਰ ਜੀ ਨੇ

(B) ਬਾਬਾ ਰਾਮ ਕੰਵਰ ਜੀ ਨੇ

(C) ਬਾਬਾ ਬੁੱਢਾ ਜੀ ਨੇ

(D) ਗੁਰੂ ਨਾਨਕ ਦੇਵ ਜੀ ਨੇ